**Eschborn**
**10.08.2007**

ਪ੍ਰਮ ਸਤਿਕਾਰਯੋਗ ਮੇਰੇ ਗੁਰੂ ਪਿਆਰੇ ਉਦਮੀ ਵੀਰ ਭਾਈ ਗੁਰਤੇਜ ਸਿੰਘ ਜੀਓ,
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਵੀਰ ਜੀਓ ਦੇਸ ਪੰਜਾਬ ਦੇ ਅੰਕ ਜੁਲਾਈ 2007 ਵਿਚ ਆਪਜੀ ਵਲੋਂ "ਦਸਮ ਗ੍ਰੰਥ ਨੂੰ ਮਾਨਤਾ ਦਿਵਾਉਣ ਦੀਆਂ ਕੋਸ਼ਿਸ਼ਾਂ ਦਾ ਕੱਚਾ ਚਿੱਠਾ" ਸਰਲੇਖ ਹੇਠ, ਮਾਇਆ ਖਾਤਰ ਅਖੌਤੀ ਦਸਮ ਗ੍ਰੰਥ ਨੂੰ ਤਿਅਰ ਕਰਨ ਅਤੇ ਜਬਰੀਂ ਦਸ਼ਮੇਸ਼ ਪਿਤਾ ਦਾ ਐਲਾਨਣ ਦੇ ਕੁਕਰਮ ਨੂੰ ਤੱਥਾਂ ਸਮੇਤ ਤਿਆਰ ਕਰਨ ਅਤੇ ਦੇਸ ਪੰਜਾਬ ਦੇ ਪਾਠਕਾਂ ਨਾਲ ਸਾਂਝਾ ਕਰਨ ਦੇ ਕੀਤੇ ਗਏ ਮਹਾਨ ਉਦਮ ਲਈ, ਦਾਸ ਆਪਜੀ ਦਾ ਬਹੁਤ ਹੀ ਧੰਨਵਾਦੀ ਹੈ। ਇਸ ਨਾਲ ਆਪਜੀ ਵਲੋਂ ਦਾਸ ਸਮੇਤ ਬਹੁਤ ਸਾਰਿਆਂ ਨੂੰ ਬਹੁਤ ਹੀ ਅਨਮੋਲ ਸੱਚੀ ਜਾਣਕਾਰੀ ਮੁਹਈਆ ਕੀਤੀ ਹੈ ਜਿਸ ਤੋਂ ਪੰਥ ਨੂੰ ਵਾਂਝੇ ਰੱਖਕੇ, ਦਸਮ ਗ੍ਰੰਥ ਨੂੰ ਦਸ਼ਮੇਸ ਪਿਤਾ ਦੀ ਬਾਣੀ ਮੰਨਣ ਦਾ ਹੁਕਮਨਾਮਾਂ, ਪਹਿਲੋਂ ਹੀ ਜਾਰੀ ਹੋ ਚੁੱਕਿਆ, ਦੱਸਿਆ ਜਾ ਰਿਹਾ ਸੀ। ਬਹੁਤ ਹੀ ਚੰਗਾ ਹੋਇਆ ਜੋ ਸੱਚ ਸਾਹਮਣੇਂ ਲਿਆਂਦਾ ਹੈ ਕਿ ਇਸ ਅਖੌਤੀ ਦਸਮ ਗ੍ਰੰਥ ਵਿਚ ਦਰਜ ਸਮੂਹ ਨੂੰ, ਪੰਥ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਕਦੇ ਵੀ ਦਸਮੇਸ਼ ਪਿਤਾ ਦੀ ਬਾਣੀ ਹੋਣਾ ਨਹੀ ਸਵੀਕਾਰਿਆ ਹੋਇਆ ਅਤੇ ਨਾ ਹੀ ਐਲਾਨਿਆ ਹੋਇਆ ਹੈ। ਮਜੂਦਾ ਅਖੌਤੀ, ਨਕਲੀ ਦਸਮ ਗ੍ਰੰਥ ਉਤੇ ਖੋਜ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲੇ, ਕਰਤੇ ਨੂੰ ਉਸ ਦੀ ਬਾਣੀ ਦੇ ਇਕੋ ਇਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਹਿਲੋਂ ਵਿਚਾਰ ਵਜੋਂ ਵੇਖ ਲੈਣਾਂ ਹੀ ਮਨਜੂਰ ਸੀ। ਸੋ ਇਸ ਸ਼ੁਰੂ ਕਾਰਜ ਦੀ ਗੁਰੂ ਆਸਰੇ ਇਕ ਹੱਦ ਤੱਕ ਪੂਰਤੀ ਮਗਰੋਂ, ਅਖੌਤੀ ਦਸਮ ਗ੍ਰੰਥ ਵਿਚ ਦਸਮੇਸ਼ ਪਿਤਾ ਜੀ ਦੀ ਦਰਜ ਸੰਭਵ ਅਸਲ ਬਾਣੀ ਦੀ ਖੋਜ ਦਾ ਕਾਰਜ ਅਰੰਭ ਅਤੇ ਕਲਮ ਬੰਦ ਹੋਣਾਂ ਸ਼ੁਰੂ ਹੋ ਜਾਵੇਗਾ।
ਵੀਰ ਜੀਉ, ਗੁਰਮਤਿ ਤੱਤ ਖਾਲਸਾ ਅਖਵਾਣ ਵਾਲੇ ਵੀਰਾਂ ਨੂੰ ਲਿਖ ਹੋਇਓ ਇਕ ਖਤ ਨੂੰ ਆਪਜੀ ਨਾਲ, ਦੇਸ ਪੰਜਾਬ ਦੇ ਪਾਠਕਾਂ ਨਾਲ ਅਤੇ ਖਾਲਸਾ ਪੰਥ ਨਾਲ ਸਾਂਝਾ ਕਰਦਾ ਹਾਂ।
ਇਕੋ ਨਾਨਕ ਦੇ ਦਰ ਦਾ, ਗੁਰੂ ਪੰਥ ਦਾ ਦਾਸ,
ਐਨ. ਕਮਲ ਫੇਹਰਨਬੱਖ,
ਉਰਫ ਬਿਧੀ ਸਿੰਘ ਬੱਬਰ